ਪੰਜਾਬ ਦੀ ਆਵਾਜ਼
ਅਜੀਤ

***Daily Ajit, Jalandhar*** ਐਤਵਾਰ, 24 ਅਗਸਤ, 2008 9 ਭਾਦੋਂ ਨਾਨਕਸ਼ਾਹੀ ਸੰਮਤ 540

ਰਜਿ:ਨੰ: **Pb/0138/2003** ਜਿਲਦ 50, ਬਾਨੀ ਸੰਪਾਦਕ (ਸਵ:) ਡਾ: ਸਾਧੂ ਸਿੰਘ ਹਮਦਰਦ ਫੋਨ: **0181-2455961-62-63, 2458588, 2455715**, ਫੈਕਸ: **2455960, 2220593**

# ਭਾਈ ਜਸਬੀਰ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਵਿਚ ਲੱਗੇਗੀ



*ਜਲੰਧਰ, 23 ਅਗਸਤ (ਪ੍ਰਿਤਪਾਲ ਸਿੰਘ)*-ਨਿਸ਼ਕਾਮ ਕੀਰਤਨੀਏ ਸੱਚਖੰਡ ਵਾਸੀ ਪੰਥ ਰਤਨ ਭਾਈ ਜਸਬੀਰ ਸਿੰਘ ਖਾਲਸਾ ਖੰਨੇਵਾਲਿਆਂ ਦੀ ਤਸਵੀਰ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ 2 ਸਤੰਬਰ, 2008 ਨੂੰ ਸਵੇਰੇ 11 ਵਜੇ ਲਗਾਈ ਜਾਵੇਗੀ। ਇਹ ਸੂਚਨਾ ਉਨ੍ਹਾਂ ਦੇ ਸੇਵਕ ਸ: ਅਮਰਜੀਤ ਸਿੰਘ ਅਨੰਦ ਨੇ ਦਿੱਤੀ। ਸ: ਅਨੰਦ ਨੇ ਉਨ੍ਹਾਂ ਦੇ ਪਰਿਵਾਰ ਤੇ ਸਿੱਖ ਸੰਗਤਾਂ ਵੱਲੋਂ ਭਾਈ ਸਾਹਿਬ ਦੀ ਤਸਵੀਰ ਸਿੱਖ ਅਜਾਇਬ ਘਰ ਵਿਚ ਲਗਾਏ ਜਾਣ ਦੇ ਕੀਤੇ ਗਏ ਫੈਸਲੇ ਲਈ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਮੇਤ ਸਾਰੇ ਸਿੰਘ ਸਾਹਿਬਾਨ ਦਾ ਧੰਨਵਾਦ ਕੀਤਾ ਹੈ।